بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.08.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਅਗਸਤ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਵਾਸਤਵਿਕ ਲਾਭ ਅਤੇ ਫ਼ੈਜ਼ ਤਾਂ ਉਦੋਂ ਹੀ ਪਹੁੰਚਦਾ ਹੈ ਜੱਦ ਅਸੀਂ ਇਸ ਗੱਲ ਦਾ ਜਤਨ ਕਰੀਏ ਕਿ ਜੋ ਕੁਝ ਅਸੀਂ ਦੇਖਿਆ ਅਤੇ ਸੁਣਿਆ ਹੈ ਉਸ ਨੂੰ ਆਪਣਾ ਜੀਵਨ ਸੁਧਾਰਣ ਦਾ ਸਾਧਨ ਬਣਾਈਏ । ਬਹਿਰਹਾਲ ਇਸ ਜਲਸੇ ਦਾ ਲਾਭ ਫਿਰ ਹੀ ਹੈ ਜੱਦ ਅਸੀਂ ਆਪਣੀਆਂ ਹਾਲਤਾਂ ਨੂੰ ਆਪਣੀ ਸਿੱਖਿਆ ਅਨੁਸਾਰ ਬਣਾਈਏ ਅਤੇ ਜੋ ਕੁਝ ਸੁਣਿਆ ਹੈ ਉਸ ਨੂੰ ਆਪਣੇ ਉਪੱਰ ਲਾਗੂ ਕਰੀਏ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ ਕੱਲ ਮੈਨੂੰ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚੋਂ ਪਤੱਰ ਤੇ ਫ਼ੈਕਸ ਆ ਰਹੀਆਂ ਹਨ ਜਿੰਨ੍ਹਾ ਵਿੱਚ ਜਲਸਾ ਸਾਲਾਨਾ ਬਰਤਾਨੀਆਂ ਨੇ ਸਫ਼ਲ ਆਯੋਜਨ ਉਪੱਰ ਵਧਾਈਆਂ ਵੀ ਹੁੰਦੀਆਂ ਹਨ ਅਤੇ ਇਸ ਗੱਲ ਦਾ ਪ੍ਰਗਟਾਵਾ ਵੀ ਕਿ ਅਸੀਂ ਐਮ.ਟੀ.ਏ. ਰਾਹੀਂ ਜਲਸੇ ਦਾ ਸਿੱਧਾ ਪ੍ਰਸਾਰਣ ਦੇਖਿਆ ਅਤੇ ਲਾਭ ਉਠਾਇਆ ਪਰ ਵਾਸਤਵਿਕ ਲਾਭ ਅਤੇ ਫ਼ੈਜ਼ ਤਾਂ ਉਦੋਂ ਹੀ ਪਹੁੰਚਦਾ ਹੈ ਜੱਦ ਅਸੀਂ ਇਸ ਗੱਲ ਦਾ ਭਰਪੂਰ ਜਤਨ ਕਰੀਏ ਕਿ ਜੋ ਕੁਝ ਅਸੀਂ ਦੇਖਿਆ ਤੇ ਸੁਣਿਆ ਹੈ ਉਸ ਨੂੰ ਆਪਣਾ ਜੀਵਨ ਸੁਧਾਰਣ ਦਾ ਸਾਧਨ ਬਣਾਈਏ । ਅੱਜ ਕੱਲ ਦੀ ਜੋ ਦੁਨੀਆ ਹੈ ਉਸ ਦੀ ਸਾਡੇ ਉਪੱਰ ਬਹੁਤ ਅਧਿਕ ਨਜ਼ਰ ਹੋ ਗਈ ਹੈ ਅਤੇ ਹੁਣ ਦੁਨੀਆ ਸਾਡੇ ਜਲਸਿਆਂ ਵਿੱਚ ਐਮ.ਟੀ.ਏ. ਰਾਹੀਂ ਸ਼ਾਮਲ ਹੁੰਦੀ ਹੈ ਅਹਮਦੀ ਦੁਨੀਆ ਵੀ ਅਤੇ ਦੂਜੇ ਵੀ ਸੁਣਦੇ ਹਨ ਵਿਸ਼ੇਸ਼ ਤੌਰ'ਤੇ ਬਰਤਾਨੀਆ ਦੇ ਜਲਸੇ ਨੂੰ ਬਹੁਤ ਡੂੰਘੀ ਨਜ਼ਰ ਨਾਲ ਦੇਖਿਆ ਜਾਂਦਾ ਹੈ । ਅਸੀਂ ਲੱਖਾਂ ਹੀ ਪਾਉਂਡ ਐਮ.ਟੀ.ਏ. ਲਈ ਖਰਚ ਕਰਦੇ ਹਾਂ, ਕੇਵਲ ਇਸ ਲਈ, ਇਕ ਬਹੁਤ ਵੱਡਾ ਉਦੇਸ਼ ਇਹ ਹੈ ਕਿ ਜਮਾਤ ਦਾ ਹਰ ਮਨੁੱਖ ਆਪਣੇ ਜੀਵਨ ਦੇ ਉਦੇਸ਼ ਨੂੰ ਪਾਉਣ ਵਾਲਾ ਹੋਵੇ । ਉਸ ਤੱਕ ਇਕ ਸਮੇਂ ਵਿੱਚ ਸੰਦੇਸ਼ ਪਹੁੰਚ ਰਿਹਾ ਹੋਵੇ ।

ਸੋ, ਸਾਡੀ ਖ਼ੁਸ਼ੀ ਅਤੇ ਅਤੇ ਮੁਬਾਰਕਬਾਦ ਜਲਸੇ ਦੇ ਸਫ਼ਲ ਆਯੋਜਨ ਤੱਕ ਸੀਮਤ ਨ ਰਹੇ ਸਗੋਂ ਏਥੇ ਸ਼ਾਮਲ ਹੋਣ ਵਾਲੇ ਵੀ ਅਤੇ ਦੁਨੀਆ ਵਿੱਚ ਐਮ.ਟੀ.ਏ. ਰਾਹੀਂ ਸੁਣਨ ਵਾਲੇ ਵੀ । ਉਹਨਾਂ ਨੇ ਜੋ ਸੁਣਿਆ ਤੇ ਦੇਖਿਆ ਹੈ ਉਸ ਦੀ ਜੁਗਾਲ਼ੀ ਕਰਦੇ ਰਹਿਣ, ਆਪਣੇ ਜੀਵਨ ਦਾ ਅੰਗ ਬਨਾਉਣ ਅਤੇ ਰੱਬ ਦਾ ਧੰਨਵਾਦ ਕਰਨ ਕਿ ਉਸ ਨੇ ਇਸ ਭੌਤਕ ਸੰਸਾਰ ਵਿੱਚ ਸਾਡੇ ਸੁਧਾਰ ਲਈ ਅਤੇ ਸਾਡੇ ਕਰਮ ਰੂਪੀ ਆਸਥਾ ਦੀ ਤਰੱਕੀ ਲਈ ਇਕ ਸੰਸਾਰਕ ਭੌਤਕ ਚੀਜ ਦੀ ਕਾਢ ਨੂੰ ਸਾਡੇ

ਲਈ ਸਾਧਨ ਬਣਾ ਦਿੱਤਾ ਹੈ । ਟੈਲੀਵੀਜ਼ਨ, ਇੰਟਰਨੈਟ, ਅਖ਼ਬਾਰ ਅਤੇ ਹੋਰ ਦੂਜੇ ਪ੍ਰਸਾਰਣ ਤੇ ਪ੍ਰਕਾਸ਼ਣ ਦੇ ਸਾਧਨ ਜੱਦ ਸਾਡੇ ਲਈ ਕੰਮ ਕਰ ਰਹੇ ਹਨ ਤਾਂ ਇਕ ਮੋਮਨ ਦੇ ਈਮਾਨ ਵਿੱਚ ਵਾਧਾ ਹੁੰਦਾ ਹੈ ਕਿ ਅੱਜ ਤੋ ਚੌਦਾਂ ਸੌ ਸਾਲ ਪਹਿਲਾਂ ਰੱਬ ਨੇ ਇਕ ਖ਼ੁਸ਼ਖ਼ਬਰੀ ਦਿੱਤੀ ਸੀ ਕਿ ਇਸ ਜੁੱਗ ਵਿੱਚ ਅਜਿਹੀਆਂ ਕਾਢਾਂ ਹੋਣਗੀਆਂ ਜੋ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਹਾਇਕ ਹੋਣਗੀਆਂ ਅਤੇ ਅਸੀਂ ਪ੍ਰਤੀਦਿਨ ਇਸ ਭਵਿੱਖਬਾਣੀ ਨੂੰ ਪਹਿਲਾਂ ਤੋਂ ਚੰਗੇ ਢੰਗ ਵਿੱਚ ਪੂਰਾ ਹੁੰਦੇ ਦੇਖਦੇ ਹਾਂ । ਮੈਂ ਕੁਝ ਹੋਰ ਵਰਨਣ ਕਰਾਂਗਾ ਕਿ ਅਲੱਾਹ ਤਆਲਾ ਕਿਵੇਂ ਇਹ ਸੰਦੇਸ਼ ਪਹੁੰਚਾਉਂਦਾ ਹੈ । ਸੋ, ਇਸ ਕਰਕੇ ਸਾਨੂੰ ਰੱਬ ਦੀ ਹਜ਼ੂਰੀ ਵਿੱਚ ਝੁਕਦਿਆਂ ਹੋਇਆਂ ਇਸ ਗੱਲ ਦੀ ਸ਼ੁਕਰਗੁਜ਼ਾਰੀ ਦੇ ਪ੍ਰਗਟਾਵੇ ਵਿੱਚ ਹਮੇਸ਼ਾਂ ਹੀ ਅੱਗੇ ਵਧੱਦੇ ਜਾਣਾ ਚਾਹੀਦਾ ਹੈ ਕਿ ਇਹ ਸ਼ੁਕਰਗੁਜ਼ਾਰੀ ਸਾਨੂੰ ਰੱਬ ਦੇ ਆਦੇਸ਼ਾਂ ਅਨੁਸਾਰ ਹੋਰ ਉਪਹਾਰਾਂ ਤੇ ਤਰੱਕੀਆਂ ਨਾਲ ਨਿਵਾਜੇਗੀ । ਅਲੱਾਹ ਫ਼ਰਮਾਉਂਦਾ ਹੈ ਕਿ 'ਲਇਨ ਸ਼ਕਰਤੁਮ ਲਅਜ਼ੀਦਨੱਕੁਮ' ਕਿ ਜੇਕਰ ਤੁਸੀਂ ਸ਼ੁਕਰਗੁਜ਼ਾਰੀ ਕਰਕੋਗੇ ਤਾਂ ਤੁਹਾਨੂੰ ਹੋਰ ਵੀ ਦਿਆਂਗਾ ਹੋਰ ਵੀ ਬਹੁਤਾ ਵਧਾਵਾਂਗਾ । ਇਹ ਸ਼ੁਕਰਗ਼ੁਾਰੀ ਦਾ ਵਿਸ਼ਾ ਜਿੱਥੇ ਸਾਨੂੰ ਰੱਬ ਦਾ ਸ਼ੁਕਰਗ਼ੁਜ਼ਾਰ ਹੋਣ ਦਾ ਮਾਰਗ ਦਿਖਾਉਂਦਾ ਹੈ ਓਥੇ ਬੰਦਿਆਂ ਦੀ ਸ਼ੁਕਰਗੁਜ਼ਾਰੀ ਵੱਲ ਵੀ ਧਿਆਨ ਖਿੱਚਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆਂ ਕਿ ਜੋ ਬੰਦਿਆਂ ਦਾ ਸ਼ੁਕਰ ਨਹੀਂ ਕਰਦਾ ਉਹ ਰੱਬ ਦਾ ਵੀ ਸ਼ੁਕਰਗੁਜ਼ਾਰ ਨਹੀਂ ਹੁੰਦਾ । ਰੱਬ ਇਹਨਾਂ ਕੰਮ ਕਰਨ ਵਾਲਿਆਂ ਨੂੰ ਤੌਫ਼ੀਕ ਦਿੱਤੀ ਕਿ ਉਹਨਾਂ ਨੇ ਜਲਸੇ ਦੇ ਪ੍ਰਬੰਧਾ ਨੂੰ ਚੰਗਾ ਬਨਾਉਣ ਦਾ ਜਤਨ ਕੀਤਾ । ਅਨੇਕਾਂ ਹੀ ਵਿਭਾਗ ਅਜਿਹੇ ਹਨ ਜਿੰਨ੍ਹਾ ਵਿੱਚ ਪੁਰਸ਼ਾ ਨੇ ਵੀ ਇਸਤਰੀਆਂ ਨੇ ਵੀ ਬੁੱਢਿਆਂ ਨੇ ਵੀ ਤੇ ਨੌਜੁਆਨਾਂ ਨੇ ਵੀ ਅਤੇ ਬੱਚਿਆਂ ਤੇ ਬੱਚੀਆਂ ਨੇ ਵੀ ਭਰਪੂਰ ਸੇਵਾ ਕੀਤੀ ਹੈ ਅਤੇ ਜਲਸੇ ਦੇ ਸਾਰੇ ਪ੍ਰਬੰਧਾਂ ਨੂੰ ਆਪਣੀ ਸਮਰਥਾ ਤੇ ਗੁਣਾ ਅਨੁਸਾਰ ਸੁਚੱਜੇ ਰੂਪ ਵਿੱਚ ਸੁਚਾਰੂ ਕਰਨ ਲਈ ਭਰਪੂਰ ਜਤਨ ਕੀਤਾ ਹੈ । ਸਾਰੇ ਵਾਲੰਟੀਅਰਜ਼ ਜੋ ਵੱਖ ਵੱਖ ਵਿਭਾਗਾਂ ਵਿੱਚ ਹੁੰਦੇ ਹਨ ਕੋਈ ਕਿਸੇ ਕੰਪਨੀ ਵਿੱਚ ਡਾਇਰੈਕਟਰ ਹੈ ਤੇ ਕੋਈ ਇੰਜੀਨੀਅਰ ਕੋਈ ਸਾਂਈਟਿਸਟ ਕਾਰੋਬਾਰੀ ਲੋਕ ਹਨ ਜਾਂ ਮਜ਼ਦੂਰੀ ਕਰਨ ਵਾਲੇ ਹਨ, ਸਾਰੇ ਇਕ ਹੀ ਕੰਮ ਕਰਦੇ ਹਨ । ਫਿਰ ਵਾਂਈਂਡਅਪ ਦਾ ਕੰਮ ਹੈ ਜਲਸੇ ਦੇ ਬਾਦ ਮੀਂਹ ਸ਼ੁਰੂ ਹੋ ਗਏ । ਬਹੁਤ ਔਕੁੜਾਂ ਨਾਲ ਸਮਾਨ ਸਮੇਟਿਆ ਜਾ ਰਿਹਾ ਹੈ । ਭਾਵ ਹਰ ਕੰਮ ਬਹੁਤ ਹੀ ਮਹਤੱਵਪੂਰਨ ਕੰਮ ਹੈ । ਇਸ ਸਾਲ ਕੈਨੇਡਾ ਦੇ ਖ਼ੁਦੱਾਮਾਂ ਦੀ ਇਕ ਟੀਮ ਨੇ ਵੀ ਆਪਣੇ ਆਪ ਨੂੰ ਪੇਸ਼ ਕੀਤਾ ਕਿ ਅਸੀਂ ਜਲਸੇ ਉਪੱਰ ਕੰਮ ਕਰਨਾ ਚਾਹੁੰਦੇ ਹਾਂ ਅਤੇ ਬਹੁਤ ਹੀ ਮਿਹਨਤ ਨਾਲ ਉਹਨਾਂ ਨੇ ਕੰਮ ਕੀਤਾ । ਯੂਕੇ ਦੀ ਖ਼ੁਦੱਾਮੁਲ ਅਹਮਦੀਆ ਦੀ ਟੀਮਾਂ ਨਾਲ ਸਾਨੂੰ ਕੈਨਾਡਾ ਦੇ ਇਸ ਖ਼ੁਦੱਾਮਾ ਦੇ ਗਰੁਪ ਦਾ ਵੀ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਉਹਨਾਂ ਨੇ ਸਾਡੀ ਮਦਦ ਕੀਤੀ ।

ਬਹਿਰਹਾਲ ਇਹ ਸਾਰੇ ਲੋਕ ਭਾਵੇਂ ਪੁਰਸ਼ ਹਨ ਜਾਂ ਇਸਤਰੀਆਂ ਹਨ ਅਸੀਂ ਸਾਰੇ ਉਹਨਾਂ ਦੇ ਸ਼ੁਕਰਗੁਜ਼ਾਰ ਹਾਂ ਅਤੇ ਇਹ ਸ਼ੁਕਰਗੁਜ਼ਾਰੀ ਯੋਗ ਹਨ । ਰੱਬ ਇਹਨਾਂ ਸਾਰਿਆਂ ਨੂੰ ਪ੍ਰਤੀਫਲ ਪ੍ਰਦਾਨ ਕਰੇ । ਸੇਵਕਾਂ ਵੱਲੋਂ ਮੈਂ ਉਹਨਾਂ ਸਾਰਿਆਂ ਮਹਿਮਾਨਾਂ ਦਾ ਵੀ ਧੰਨਵਾਦ ਕਰਦਾ ਹਾਂ ਜਿੰਨ੍ਹਾ ਨੇ ਸਹਿਯੋਗ ਦਿੱਤਾ । ਕੁਝ ਇਕ ਤੋਂ ਬਿਨਾ ਕੋਈ ਸ਼ਿਕਾਇਤ ਨਹੀਂ ਆਈ । ਇਕੱਾ ਦੁੱਕਾ ਤਾਂ ਸ਼ਿਕਾਇਤ ਆਉਂਦੀ ਹੈ ।

ਇਸ ਸਮੇਂ ਮੈਂ ਇਸੇ ਸ਼ੁਕਰਗੁਜ਼ਾਰੀ ਦੇ ਵਿਸ਼ੇ ਓਪੱਰ ਮਹਿਮਾਨਾ ਦੇ ਪ੍ਰਭਾਵ ਪੇਸ਼ ਕਰਦਾ ਹਾਂ । ਯੁਗਾਂਡਾ ਤੋਂ ਮਿਸਟਰ ਵਿਲਸਨ ਸਾਹਬ ਜੋ ਕਿ ਮਿਨਸਟਰ ਆਫ਼ ਜੰਡਰ ਹਨ ਜਲਸੇ ਵਿੱਚ ਸ਼ਾਮਲ ਹੋਏ ਸਨ । ਕਹਿੰਦੇ ਹਨ ਕਿ ਪ੍ਰਾਹੁਣਾਚਾਰੀ ਤੇ ਸਿਕਓਰਟੀ ਦੇ ਪ੍ਰਬੰਧ ਦੇਖ ਕੇ ਬਹੁਤ ਹੈਰਾਨ ਹੋਇਆ ਕਿ ਕਿਵੇਂ ਲੋਕ ਵਲੰਟੀਅਰ (ਸਵੈਸੇਵੀ) ਦੇ ਰੂਪ ਵਿੱਚ ਐਨ੍ਹੀ ਕੁਰਬਾਨੀ ਕਰ ਰਹੇ ਹਨ । ਉਹ ਕਹਿਣ ਲੱਗੇ ਕਿ ਜਿਸ ਮਾਰਗ ਉਪੱਰ ਜਮਾਤ ਅਹਮਦੀਆ ਕੰਮ ਕਰ ਰਹੀ ਹੈ ਇਸ ਤੋਂ ਲਗਦਾ ਹੈ ਕਿ ਜਮਾਤ ਕੁਝ ਵੱਰ੍ਹਿਆਂ ਵਿੱਚ ਦੁਨੀਆ ਉਪੱਰ ਗ਼ਾਲਬ ਆ ਜਾਵੇਗੀ । ਇੰਸ਼ਾਅਲੱਾਹ । ਫਿਰ ਉਹਨਾਂ ਨੇ ਕਿਹਾ

ਕਿ ਜੇਕਰ ਜਲਸਾ ਸਾਲਾਨਾ ਨੂੰ ਸੰਖੇਪ ਵਿੱਚ ਵਰਨਣ ਕਰਾਂ ਤਾਂ ਸਭ ਤੋਂ ਵੱਡੀ ਗੱਲ ਇਹੋ ਹੈ ਕਿ ਜਮਾਤ ਅਹਮਦੀਆ ਮਾਨਵਤਾ ਲਈ ਅਮਨ, ਪ੍ਰੇਮ ਅਤੇ ਭਾਈਚਾਰੇ ਦਾ ਇਕ ਮਹਾਨਤਮ ਨਮੂਨਾ ਹੈ । ਫ਼੍ਰੰਚ ਗਿਆਨਾ ਤੋਂ ਇਕ ਮਹਿਮਾਨ ਜੈਕ ਬਰਬੂਲ ਸਾਹਬ ਜਲਸੇ ਵਿੱਚ ਸ਼ਾਮਲ ਹੋਏ ਸਨ । ਇਹ ਫ਼੍ਰੰਚ ਗਿਆਨਾ ਕੋਰਟ ਦੇ ਜੱਜ ਹਨ ਅਤੇ ਦੇਸ਼ ਦੇ ਬਿਸ਼ਪ ਦੀ ਨੁਮਾਇੰਦਗੀ ਵਿੱਚ ਆਏ ਸਨ । ਇਹ ਕਹਿੰਦੇ ਹਨ ਕਿ ਜੱਦ ਮੈਂ ਜਲਸਾ ਸਾਲਾਨਾ ਵਿੱਚ ਸ਼ਾਮਲ ਹੋਣ ਲਈ ਫ਼੍ਰੰਚ ਗਿਆਨਾ ਤੋਂ ਰਵਾਨਾ ਹੋਇਆ ਤਾਂ ਮੇਰੀ ਲੱਤ ਵਿੱਚ ਪੀੜ੍ਹ ਸੀ ਪਰ ਜਲਸੇ ਵਿੱਚ ਸ਼ਾਮਲ ਹੁੰਦਿਆਂ ਹੀ ਰੱਬ ਦੀ ਮਿਹਰ ਨਾਲ ਚਮਤਕਾਰੀ ਰੂਪ ਵਿੱਚ ਰੋਗ ਦੂਰ ਹੋ ਗਿਆ ਅਤੇ ਪੂਰਾ ਜਲਸਾ ਪੀੜ੍ਹ ਦਾ ਨਾਂ ਨਿਸ਼ਾਨ ਵੀ ਨ ਰਿਹਾ । ਇਹ ਰੱਬ ਦੀ ਮਿਹਰ ਹੈ ਕਿ ਜਲਸੇ ਦੀਆਂ ਬਰਕਤਾਂ ਜੋ ਅਹਮਦੀਆਂ ਨੂੰ ਪਹੁੰਚਦੀਆਂ ਹਨ ਉਸ ਤੋਂ ਦੂਜੇ ਵੀ ਲਾਭ ਉਠਾਉਂਦੇ ਹਨ ।

ਫਿਰ ਨਾਈਜੀਰੀਆ ਦੇ ਇਕ ਪ੍ਰਸਿੱਧ ਟੈਲੀਵੀਜ਼ਨ ਐਮ.ਆਈ.ਟੀ. ਦੇ ਚੇਅਰਮੈਨ ਅਲਹਾਜ ਬਸਾਰੀ ਸਾਹਬ ਕਹਿੰਦੇ ਹਨ, ਜਲਸੇ ਵਿੱਚ ਸ਼ਾਮਲ ਹੋਕੇ ਮੈਂਨੂੰ ਇਉਂ ਅਨੁਭਵ ਹੋਇਆ ਕਿ ਮੈਂ ਅਰਫ਼ਾਤ ਦੇ ਸਥਾਨ ਉਪੱਰ ਹਾਂ ਅਤੇ ਇਮਾਮ ਦੀ ਆਗਿਆਕਾਰੀ ਦਾ ਜੋ ਦ੍ਰਿਸ਼ ਮੈਂ ਜਮਾਤ ਦੇ ਖ਼ਲੀਫ਼ਾ ਅਤੇ ਉਸ ਦੀ ਜਮਾਤ ਵਿੱਚ ਦੇਖਿਆ ਹੈ, ਉਹ ਕਿਤੇ ਨਹੀਂ ਦੇਖਿਆ । ਕੋਂਗੋ ਕਨਸਾਸ਼ਾ ਤੋਂ ਕਾਂਸਟੀ ਟੀਯੂਸ਼ਨਲ ਕੋਰਟ ਦੇ ਜੱਜ ਹਨ ਉਹਨਾਂ ਨੇ ਕਿਹਾ ਕਿ ਜਮਾਤ ਅਹਮਦੀਆਂ ਵੱਲੋਂ ਜਿਸ ਇਸਲਾਮ ਦਾ ਮੈਂਨੂੰ ਪਰਿਚੈ ਕਰਵਾਇਆ ਗਿਆ ਸੀ ਉਸ ਦਾ ਕਰਮ ਰੂਪੀ ਨਮੂਨਾ ਮੈਂ ਜਲਸੇ ਵਿੱਚ ਸ਼ਾਮਲ ਹੋਕੇ ਦੇਖ ਲਿਆ ਹੈ । ਵਾਸਤਵ ਵਿੱਚ ਹਕੀਕੀ ਇਸਲਾਮ ਇਹੋ ਹੈ ਜੋ ਜਮਾਤ ਅਹਮਦੀਆ ਪੇਸ਼ ਕਰ ਰਹੀ ਹੈ । ਇਸਲਾਮ ਦੇ ਇਸੇ ਸੰਦੇਸ਼ ਦੀ ਅੱਜ ਦੁਨੀਆ ਨੂੰ ਲੋੜ ਹੈ । ਮੈਂ ਸਮਝਦਾ ਹਾਂ ਕਿ ਦੁਨੀਆਂ ਦਾ ਭਵਿੱਖ ਇਸੇ ਸੰਦੇਸ਼ ਨਾਲ ਸੰਬੰਧਤ ਹੈ । ਸੀਰਾਲੀਉਨ ਦੇ ਵਾਈਸ ਪ੍ਰੈਜ਼ੀਡੈਂਟ ਵੀ ਜਲਸੇ ਵਿੱਚ ਸ਼ਾਮਲ ਹੋਏ ਸਨ ਉਹ ਕਹਿੰਦੇ ਹਨ ਕਿ ਜਮਾਤ ਅਹਮਦੀਆ ਦਾ ਸਾਲਾਨਾ ਜਲਸਾ ਬਹੁਤ ਮਹਾਨ ਹੈ ਅਤੇ ਸਾਰੀਆਂ ਜਾਤੀਆਂ ਨੂੰ ਇਕ ਪਲੇਟਫ਼ਾਰਮ ਉਪੱਰ ਇਕਤੱਰ ਕਰਨ ਦਾ ਇੱਕੋ ਇਕ ਸਾਧਨ ਹੈ ।

ਮਕੀਨੀ ਸੀਰਾਲੀਉਨ ਦੇ ਮੇਅਰ ਕਹਿੰਦੇ ਹਨ ਕਿ ਤਿੰਨੇ ਦਿਨ ਰੂਹਾਨੀਯਤ (ਆਤਮਕਤਾ) ਨਾਲ ਭਰੇ ਹੋਏ ਸਨ, ਅਤੇ ਮੇਰੇ ਜੀਵਨ ਵਿੱਚ ਮਹਾਨ ਇਨਕਲਾਬ ਪੈਦਾ ਕਰਨ ਦਾ ਸਬਬ ਬਣੇ ਹਨ । ਮੈਂ ਕਦੇ ਵੀ ਲੋਕਾਂ ਨੂੰ ਇਸ ਪ੍ਰਾਕਾਰ ਇਕ ਦੂਜੇ ਨਾਲ ਪਿਆਰ ਕਰਦਿਆਂ ਹੋਇਆਂ ਨਹੀਂ ਦੇਖਿਆ । ਸੀਰਾਲੀਉਨ ਤੋਂ ਡਿਪਟੀ ਮਨਿਸਟਰ ਸਾਹਬ ਆਫ਼ ਸਪੋਰਟਸ ਵੀ ਆਏ ਹੋਏ ਸਨ ਕਹਿੰਦੇ ਹਨ ਕਿ ਜਲਸਾ ਸਾਲਾਨਾ ਵਿੱਚ ਭਾਗ ਲੈਣ ਦਾ ਮੇਰੇ ਜੀਵਨ ਦਾ ਅਨੋਖਾ ਤਜਰਬਾ ਸੀ । ਮੈਂ ਅੱਜ ਤੱਕ ਕਿਸੇ ਧਾਰਮਕ ਜਾਂ ਰਾਰਾਜਨੀਤਿਕ ਜਲਸੇ ਵਿੱਚ ਐਨ੍ਹੇ ਮਹਿਮਾਨਾ ਦਾ ਸਨਮਾਨ ਤੇ ਪ੍ਰੇਮ ਕਿਤੇ ਵੀ ਨਹੀਂ ਦੇਖਿਆ । ਬੈਨਿਨ ਦੇ ਨੈਸ਼ਨਲ ਅਸੰਬਲੀ ਦੇ ਡਿਪਟੀ ਸਪੀਕਰ ਏਰਿਕ ਹਿੰਦੇ ਸਾਹਬ ਕਹਿੰਦੇ ਹਨ ਕਿ ਸਭ ਤੋਂ ਵੱਡੀ ਗੱਲ ਜੋ ਮੇਰੇ ਵੇਖਣ ਵਿੱਚ ਆਈ ਹੈ ਉਹ ਇਹ ਸੀ ਕਿ ਜਮਾਤ ਅਹਮਦੀਆ ਦੇ ਲੋਕ ਆਪਣੇ ਖ਼ਲੀਫ਼ਾ ਨਾਲ ਬਹੁਤ ਪ੍ਰੇਮ ਕਰਦੇ ਹਨ । ਇਹ ਚੀਜ਼ ਕਿਤੇ ਵੀ ਹੋਰ ਦੇਖਣ ਨੂੰ ਨਹੀਂ ਮਿਲੇਗੀ । ਅਰਜਨਟੀਨਾ ਤੋਂ ਇਕ ਅਹਮਦੀ ਆਏ ਹੋਏ ਸਨ, ਉਹ ਕਹਿੰਦੇ ਹਨ ਕਿ ਮੈਂ ਸੱਚੇ ਧਰਮ ਦੀ ਭਾਲ ਵਿੱਚ ਦੱਸ ਸਾਲ ਲੰਘਾਏ ਹਨ ਅਖ਼ੀਰ ਜਮਾਤ ਵਿੱਚ ਸ਼ਾਮਲ ਹੋਕੇ ਮੈਂਨੂੰ ਸਚੱਾ ਧਰਮ ਮਿਲ ਗਿਆ । ਜਲਸਾ ਸਾਲਾਨਾ ਦੀ ਆਰਗੇਨਾਈਜ਼ੇਸ਼ਨ ਤੋਂ ਬਹੁਤ ਪ੍ਰਭਾਵਤ ਹਾਂ । ਸਭ ਤੋਂ ਵੱਧ ਚੀਜ਼ ਜਿਸ ਨੇ ਮੈਂਨੂੰ ਪ੍ਰਭਾਵਤ ਕੀਤਾ ਉਹ ਇਹ ਕਿ ਜਲਸੇ ਵਿੱਚ ਨੌਜੁਆਨ ਨਸਲ ਮੌਜੂਦ ਸੀ । ਮੇਰੇ ਲਈ ਇਸ ਤੋਂ ਵੱਧ ਕੇ ਹੋਰ ਕੋਈ ਖ਼ੁਸ਼ੀ ਨਹੀਂ ਕਿ ਮੈਂ ਅਰਜਨਟੀਨਾ ਦਾ ਪਹਿਲਾ ਮੁਸਲਮਾਨ ਹਾਂ ਜਿਸਨੂੰ ਅਹਮਦੀਅਤ ਕਬੂਲ ਕਰਨ ਦੀ ਤੋਫ਼ੀਕ ਮਿਲੀ ਹੈ ।

ਜਾਪਾਨ ਤੋਂ ਇਕ ਮਹਿਮਾਨ ਯੂਸ਼ੀਵਾ ਵਾਮੁਰਾ ਸਾਹਬ ਵੀ ਆਏ ਹੋਏ ਸਨ ਕਹਿੰਦੇ ਹਨ ਕਿ ਜਲਸਾ ਸਾਲਾਨਾ ਬਰਤਾਨੀਆਂ ਸੰਜੁਕਤ ਰਾਸ਼ਟਰ ਦਾ ਵਾਸਤਵਿਕ ਨਮੂਨਾ ਪੇਸ਼ ਕਰ ਰਿਹਾ ਸੀ । ਜਿੱਥੇ ਹਰ ਰੂਪ ਰੰਗ, ਨਸਲ ਅਤੇ ਜਾਤੀ ਦੇ

ਲੋਕ ਇਕ ਪਰਿਵਾਰ ਵਾਂਗ ਦਿਖਾਈ ਦੇ ਰਹੇ ਸਨ । ਇਸ ਰੂਹਾਨੀ ਵਾਤਾਵਰਣ ਨੇ ਮੇਰੇ ਮਨ ਉਪੱਰ ਇਕ ਵਿਸ਼ੇਸ਼ ਪ੍ਰਭਾਵ ਪਾਇਆ ਹੈ । ਜਾਪਾਨ ਤੋਂ ਡਾਕਟਰ ਜੀਵਾਨੀ ਮੋਟੇ ਵੀ ਆਏ ਹੋਏ ਸਨ ਕਹਿੰਦੇ ਸਨ, ਇਹ ਮੈਡੀਕਲ ਸਾਈਂਸ ਵਿੱਚ ਪੀ.ਐਚ.ਡੀ. ਹਨ ਅਤੇ ਟੋਕੀਵਾ ਇੰਟਰਨੈਸ਼ਨਲ ਬੁਕ ਫ਼ੇਅਰ ਦੇ ਮੌਕੇ ਉਪੱਰ ਇਹਨਾ ਦਾ ਜਮਾਤ ਨਾਲ ਰਾਬਤਾ ਹੋਇਆ ਸੀ। ਬੁਕਫ਼ੇਅਰ ਦੇ ਪਹਿਲੇ ਦਿਨ ਜੱਦ ਇਹਨਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਕਿਤਾਬ 'ਇਸਲਾਮੀ ਉਸੂਲ ਦੀ ਫ਼ਿਲਾਸਫ਼ੀ' ਦਿੱਤੀ ਗਈ ਤਾਂ ਅਗਲੇ ਦਿਨ ਮੁੜ੍ਹ ਸਾਡੇ ਕੋਲ ਆਏ ਅਤੇ ਕਹਿਣ ਲੱਗੇ ਕਿ ਰਾਤ ਨੂੰ ਇਸਲਾਮੀ ਉਸੂਲ ਦੀ ਫ਼ਿਲਾਸਫ਼ੀ ਦਾ ਆਧਿਐਨ ਸ਼ੁਰੂ ਕੀਤਾ ਅਤੇ ਮੇਰੇ ਲਈ ਔਖਾ ਹੋ ਗਿਆ ਕਿ ਇਸ ਕਿਤਾਬ ਨੂੰ ਪੜ੍ਹੇ ਬਿਨਾ ਸੌਂ ਜਾਂਦਾ । ਸਵੇਰ ਤੱਕ ਜੱਦ ਤੱਕ ਇਸ ਕਿਤਾਬ ਦਾ ਅਧਿਐਨ ਪੂਰਾ ਨਹੀਂ ਕਰ ਲਿਆ, ਤਾਂ ਮੈਂਨੂੰ ਵਿਸ਼ਵਾਸ ਹੋ ਗਿਆ ਕਿ ਇਸਲਾਮ ਇਕ ਸਚੱਾ ਧਰਮ ਅਤੇ ਸਚੱਾਈ ਦਾ ਮਾਰਗ ਹੈ । ਇਹ ਜਲਸਾ ਦੇਖ ਕੇ ਕਹਿਣ ਲੱਗੇ ਕਿ ਮੈਂ ਸਚੱਾਈ ਦੀ ਭਾਲ ਵਿੱਚ ਸੀ ਅਤੇ ਮੈਂਨੂੰ ਸੱਚ ਮਿਲ ਗਿਆ ਹੈ । ਇਸਲਾਮ ਅਹਮਦੀਅਤ ਤੋਂ ਬਿਹਤਰ ਜੀਵਨ ਸ਼ੈਲੀ ਕੋਈ ਨਹੀਂ ਹੈ, ਸੋ ਇਹ ਵਿਅਕਤੀ ਜਲਸੇ ਦੇ ਝੱਟ ਪਿੱਛੋਂ ਅਗਲੇ ਦਿਨ ਮੇਰੇ ਕੋਲ ਆਏ ਕਿ ਉਹਨਾਂ ਨੇ ਬੈਅਤ ਕਰਨੀ ਹੈ ਅਤੇ ਫਿਰ ਉਹਨਾਂ ਦੀ ਮਸਜਿਦ ਵਿੱਚ ਬੈਅਤ ਹੋਈ ਸੀ ।

ਸਪੇਨ ਤੋਂ ਨੈਸ਼ਨਲ ਅਸੰਬਲੀ ਦੇ ਦੋ ਮੈਂਬਰ ਪਾਰਲੀਮੈਂਟ ਆਏ ਹੋਏ ਸਨ । ਜੋਸ ਮਾਰਿਆ ਸਾਹਬ ਕਹਿੰਦੇ ਹਨ ਕਿ ਇਹ ਤਿੰਨੇ ਦਿਨ ਜਲਸੇ ਦੇ ਪ੍ਰੋਗਰਾਮ ਵਿੱਚ ਸਾਮਲ ਹੁੰਦੇ ਰਹੇ ਅਤੇ ਕਈ ਵਾਰ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਅਜਿਹੇ ਵਿਵਸਥਤ ਸੁਚਾਰੂ ਕੰਮ ਸਾਡੀਆਂ ਹੁਕੂਮਤਾਂ ਨਹੀਂ ਕਰ ਸਕਦੀਆਂ ਜੋ ਏਥੇ ਸਵੈਸੇਵੀ ਕਰ ਰਹੇ ਹਨ । ਮੈਂ ਜਲਸੇ ਉਪੱਰ ਬਹੁਤ ਕੁਝ ਸਿੱਖ ਕੇ ਜਾ ਰਿਹਾ ਹਾਂ ।

ਸੋ, ਇਹ ਸਵੈ ਸੇਵਕਾਂ ਦੇ ਕੰਮ ਹਨ, ਇਹ ਵੀ ਇਕ ਖ਼ਾਮੋਸ਼ ਪ੍ਰਚਾਰ ਹੈ ਜੋ ਇਹ ਕਰ ਰਹੇ ਹੁੰਦੇ ਹਨ । ਫਿਰ ਇਸਤਰੀ ਮੈਂਬਰ ਪਾਰਲੀਮੈਂਟ ਸਨ, ਜੋ ਕਹਿੰਦੀ ਹਨ ਕਿ ਜਮਾਤ ਅਹਮਦੀਆ ਬਹੁਤ ਅਣਥਕ ਮਿਹਨਤ ਕਰ ਰਹੀ ਹੈ ਦੁਨੀਆ ਵਿੱਚ ਅਮਨ ਸਥਪਤ ਕਰਨ ਲਈ । ਕਹਿੰਦੀ ਹਨ ਕਿ ਅੱਜ ਅਸੀਂ ਆਪ ਦੇ ਖ਼ਲੀਫ਼ਾ ਨੂੰ ਦਸੱਣਾ ਚਾਹੁੰਦੇ ਹਾਂ ਕਿ ਸਾਡੀ ਵੀ ਇਹੋ ਇਛੱਾ ਹੈ ਕਿ ਆਪ ਲੋਕ ਜੱਦ ਸਾਡੇ ਦੇਸ਼ ਵਿੱਚ ਆਓ ਤਾਂ ਉਸ ਨੂੰ ਆਪਣਾ ਘਰ ਸਮਝੋ । ਫ਼੍ਰਾਂਸ ਦੇ ਅਮੀਰ ਸਾਹਬ ਕਹਿੰਦੇ ਹਨ ਕਿ ਏਥੇ ਇਕ ਹੀ ਪਰਿਵਾਰ ਦੇ ਪੈਂਤੀ ਲੋਕ ਇਸ ਜਲਸੇ ਵਿੱਚ ਸ਼ਾਮਲ ਸਨ ਜਿੰਨ੍ਹਾ ਵਿੱਚ ਅਠਾਈ ਤਾਂ ਅਹਮਦੀਅਤ ਕਬੂਲ ਕਰ ਚੁੱਕੇ ਸਨ । ਪਰ ਉਹਨਾਂ ਦੇ ਪਿਤਾ ਤੇ ਮਾਤਾ ਅਤੇ ਉਹਨਾਂ ਦੀ ਇਕ ਪੁਤੱਰੀ ਅਤੇ ਉਸ ਦੇ ਤਿੰਨ ਬੱਚੇ ਅਜੇ ਅਹਮਦੀਅਤ ਨਹੀਂ ਕਬੂਲ ਕੀਤੀ ਸੀ ਜਲਸੇ ਦੇ ਦੂਜੇ ਦਿਨ ਉਹਨਾਂ ਨੇ ਦੱਸਿਆ ਕਿ ਅੱਜ ਮੈਂ ਪੰਜ ਵਾਰੀ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨੂੰ ਦੇਖਿਆ । ਸੋ, ਉਹ ਅਤੇ ਉਹਨਾਂ ਦੀ ਪਤਨੀ ਇਤਵਾਰ ਨੂੰ ਆਲਮੀ ਬੈਅਤ ਹੋਈ ਉਸ ਵਿੱਚ ਸ਼ਾਮਲ ਹੋਏ ਅਤੇ ਬੈਅਤ ਕਰਕੇ ਹੁਣ ਜਮਾਤ ਵਿੱਚ ਸ਼ਾਮਲ ਹੋ ਗਏ ਹਨ । ਇਹ ਕਹਿੰਦੇ ਹਨ ਕਿ ਬੈਅਤ ਸਮੇਂ ਸਾਰਾ ਪਰਿਵਾਰ ਓਥੇ ਮੌਜੂਦ ਸੀ ਜੋ ਬੱਚਿਆ ਵਾਂਗ ਬਿਲਕ ਬਿਲਕ ਕੇ ਰੋ ਰਿਹਾ ਸੀ । ਯੂਨਾਨ ਤੋਂ ਵੀ ਪਹਿਲੀ ਵਾਰ ਜੱਥਾ ਆਇਆ ਹੋਇਆ ਸੀ ।

ਸੋ, ਇਹ ਚੀਜਾਂ ਹਰ ਅਹਮਦੀ ਨੂੰ ਜਿੱਥੇ ਸ਼ੁਕਰਗੁਜ਼ਾਰ ਬਣਾਉਂਦੀਆਂ ਹਨ ਓਥੇ ਜਿੰਨ੍ਹਾ ਵਿੱਚ ਛੋਟੀ ਮੋਟੀ ਉਣਤਾਈਆਂ ਹਨ ਉਹਨਾਂ ਉਣਤਾਈਆਂ ਨੂੰ ਦੂਰ ਕਰਨ ਲਈ ਜਤਨ ਵੀ ਕਰਨਾ ਚਾਹੀਦਾ ਹੈ । ਸਵਿਟਜ਼ਰਲੈਂਡ ਤੋਂ ਪ੍ਰੈਸ ਅਤੇ ਮੀਡੀਆ ਨਾਲ ਸੰਬੰਧ ਰਖੱਣ ਵਾਲੇ ਮਹਿਮਾਨ ਬ੍ਰਾਂਸਵੈਲ ਸਲੀਬ ਵੇਲੀ ਸਾਹਬ ਸ਼ਾਮਲ ਹੋਏ, ਕਹਿੰਦੇ ਹਨ ਕਿ ਜਲਸਾ ਸਾਲਾਨਾ ਦੇ ਅਖ਼ੀਰਲੇ ਦਿਨ ਸ਼ਾਮਲ ਹੋਇਆ । ਮੈਂ ਦੁਨੀਆਂ ਦੇ ਵੱਖ ਵੱਖ ਈਵੈਂਟਸ ਵਿੱਚ ਸ਼ਾਮਲ ਹੁੰਦਾ ਰਿਹੰਦਾ ਹਾਂ ਪਰ

ਇਸ ਪ੍ਰਕਾਰ ਦਾ ਈਵੈਂਟ ਪਹਿਲਾਂ ਕਦੇ ਨਹੀਂ ਦੇਖਿਆ । ਇਕ ਗ਼ੈਰ ਅਹਮਦੀ ਸਵਿਸ ਗ਼ੈਰ ਮੁਸਲਿਮ ਮਾਈਕਲ ਸ਼ੀਰਨ ਬਰਗ ਸਾਮਲ ਹੋਏ ਕਹਿੰਦੇ ਹਨ ਕਿ ਸਭ ਤੋਂ ਵੱਧ ਕੇ ਆਲਮੀ ਬੈਅਤ ਦਾ ਦ੍ਰਿਸ਼ ਸੀ ਕਿ ਕਿਵੇਂ ਲੋਕ ਆਪਣੇ ਅਕੀਦੇ ਅਤੇ ਖ਼ਲੀਫ਼ਾ ਨਾਲ ਸਲੰਗਣ ਹੋਣ ਦਾ ਪ੍ਰਗਟਾਵਾ ਕਰ ਰਹੇ ਹਨ ।

ਇਕ ਨਵੇਂ ਹੋਏ ਅਹਮਦੀ ਮਿੱਤਰ ਮਾਈ ਟਾਈਕਲ ਆਫ਼ ਬਾਸਰੋ ਮਾਈਕਰੋਨੇਸ਼ੀਆ ਤੋਂ ਆਏ ਹੋਏ ਸਨ ਅਤੇ ਓਥੇ ਗਿਆਰ੍ਹਾਂ ਸਾਲ ਤੱਕ ਮੇਅਰ ਵੀ ਰਹੇ ਹਨ । ਇਹ ਕਹਿੰਦੇ ਹਨ ਕਿ ਇਹ ਸਾਰਾ ਕੁਝ ਦੇਖਣ ਦੇ ਬਾਦ ਹੁਣ ਮੈਂ ਪੱਕੇ ਨਿਸ਼ਚੇ ਨਾਲ ਜਾ ਰਿਹਾ ਹਾਂ ਕਿ ਆਪਣੇ ਪਰਿਵਾਰ ਅਤੇ ਕੋਸਰਾਏ (ਜੋ ਉਹਨਾਂ ਆਪਣਾ ਸ਼ਹਿਰ ਹੈ) ਦੇ ਲੋਕਾਂ ਨੂੰ ਇਸਲਾਮ ਬਾਰੇ ਗ਼ਲਤ ਧਾਰਨਾਵਾਂ ਨੂੰ ਖ਼ਤਮ ਕਰਨ ਦਾ ਜਤਨ ਕਰਾਂਗਾ । ਜਮੀਕਾ ਤੋਂ ਇਕ ਜਰਨਲਿਸਟ ਆਈ ਹੋਈ ਸਨ । ਉਹਨਾਂ ਨੇ ਮੇਰਾ ਇੰਟਰਵਿਊ ਵੀ ਲਿਆ ਸੀ ਕਹਿੰਦੀ ਸਨ ਓਥੇ ਜਾਕੇ ਲਿਖਾਂਗੀ ਜਾਂ ਡਾਕੂਮੈਂਟਰੀ ਬਣਾਵਾਂਗੀ, ਇਸ ਤੋਂ ਹੋਰ ਵਧੇਰੇ ਪ੍ਰਚਾਰ ਦੇ ਮਾਰਗ ਖੁਲਦੇ ਹਨ । ਕਹਿੰਦੀ ਹਨ ਕਿ ਮੈਂ ਵਾਦਾ ਕਰਕਦੀ ਹਾਂ ਕਿ ਜਮਾਤ ਅਹਮਦੀਆ ਦੀਆਂ ਇਹਨਾਂ ਸਿੱਖਿਆਵਾਂ ਨੂੰ ਜਮੀਕਾ ਵਿੱਚ ਫੈਲਾਉਣ ਲਈ ਸਖ਼ਤ ਮਿਹਨਤ ਕਰਾਂਗੀ । ਫਰਮਾਇਆ ਕਿ ਇਹ ਹੁਣ ਈਸਾਈ ਹਨ ਅਤੇ ਸਾਡੇ ਪ੍ਰਚਾਰ ਦਾ ਸਾਧਨ ਬਣ ਰਹੀ ਹਨ । ਪਨਾਮਾ ਤੋਂ ਰੇਨਾਲਡੋ ਕੋਚੇ ਸਾਹਬ ਜਲਸੇ ਉਪੱਰ ਆਏ ਹੋਏ ਸਨ ਕਹਿੰਦੇ ਹਨ ਕਿ ਮੈਂ ਏਥੇ ਪ੍ਰੇਮ, ਪਿਆਰ ਤੇ ਅਮਨ ਦਾ ਅਜਿਹਾ ਵਾਤਾਵਰਣ ਦੇਖਿਆ ਜਿਸ ਦੀ ਮੈਂ ਕਲਪਨਾ ਵੀ ਨਹੀਂ ਕਰ ਸਕਦਾ ਸੀ । ਕਹਿੰਦੇ ਹਨ ਕਿ ਅੱਜ ਦੇ ਬਾਦ ਜੇਕਰ ਕੋਈ ਮਨੁੱਖ ਇਸਲਾਮ ਦੇ ਵਿਰੁਧ ਗ਼ਲਤ ਦ੍ਰਿਸ਼ਟੀਕੋਣ ਪੇਸ਼ ਕਰੇਗਾ ਤਾਂ ਮੈਂ ਉਸ ਦਾ ਡੱਟ ਕੇ ਮੁਕਾਬਲਾ ਕਰਾਂਗਾ ।

ਕਾਜ਼ਕਸਤਾਨ ਦੀ ਤਾਨਾਸ਼ਿਵਾਮਾ ਸਾਹਿਬਾ ਹਨ ਸਟੇਟ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਹਨ ਅਤੇ ਨੀਊਯਾਰਕ ਦੀ ਅਕੈਡਮੀ ਦੀ ਮੈਂਬਰ ਵੀ ਹਨ । ਸੰਨ 2000 ਈ. ਵਿੱਚ ਇਹਨਾਂ ਨੂੰ ਲੇਡੀ ਆਫ਼ ਦਾ ਵਰਲਡ ਦੇ ਰੂਪ ਵਿੱਚ ਚੁਣਿਆ ਗਿਆ ਸੀ ਆਪਣੇ ਅਨੁਭਵ ਵਰਨਣ ਕਰਦੀ ਹਨ ਕਿ ਅਪਣੇ 75 ਸਾਲਾ ਜੀਵਨ ਵਿੱਚ ਦੁਨੀਆ ਦੀਆਂ ਬਹੁਤ ਸਾਰੀਆਂ ਥਾਵਾਂ ਦੇਖ ਚੁਕੀਆਂ ਹਾਂ ਪਰ ਮਾਨਵਤਾ ਨਾਲ ਪ੍ਰੇਮ ਤੇ ਇੰਸਾਨੀਯਤ ਦੀ ਵਾਸਤਵਿਕ ਅਰਥਾਂ ਵਿੱਚ ਮਦਦ ਕਰਨਾ ਮੈਂ ਕੇਵਲ ਏਥੇ ਹੀ ਦੇਖਿਆ ਹੈ । ਇਕ ਵਿਦਿਆਰਥਨ ਗੋਏਟੇਮਾਲਾ ਤੋਂ ਆਈ ਸੀ, ਕਹਿੰਦੀ ਹਨ ਕਿ ਜਲਸੇ ਵਿੱਚ ਸ਼ਾਮਲ ਹੋਣਾ ਮੇਰੇ ਲਈ ਅਤਿਅੰਤ ਖ਼ੁਸੀ ਦਾ ਤਜਰਬਾ ਸੀ । ਇਸ ਜਲਸੇ ਦੇ ਰੂਹਾਨੀ ਵਾਤਾਵਰਣ ਨੇ ਮੇਰੇ ਭਵਿੱਖ ਦੇ ਜੀਵਨ ਨੂੰ ਸੁਧਾਰਣ ਲਈ ਮਾਰਗਦਰਸ਼ਨ ਕੀਤਾ ਹੈ । ਕਰੋਸ਼ੀਯਾ ਤੋਂ ਅਠਾਈ ਲੋਕਾਂ ਦਾ ਜੱਥਾ ਆਇਆ ਹੋਇਆ ਸੀ ਅਤੇ ਕਰੋਸ਼ੀਅਨ ਕੌਮੀ ਅਸੰਬਲੀ ਦੇ ਮੈਂਬਰ ਪਾਰਲੀਮੈਂਟ ਵੀ ਇਸ ਵਿੱਚ ਸ਼ਾਮਲ ਸਨ । ਇਸ ਵਿੱਚ ਸ਼ਾਮਲ ਪਾਂਡਕਸ ਸਾਹਬ ਕਹਿੰਦੇ ਹਨ ਕਿ ਮੇਰਾ ਕਿਸੇ ਵੀ ਮੁਸਲਮਾਨ ਤਨਜ਼ੀਮ ਦੇ ਇਕੱਠ ਵਿੱਚ ਸ਼ਾਮਲ ਹੋਣ ਦਾ ਪਹਿਲਾ ਮੌਕਾ ਸੀ । ਫ਼ਿਰ ਇਹ ਅਖ਼ੀਰੀ ਤਕਰੀਰ ਵੀ ਉਹਨਾਂ ਨੇ ਸੁਣੀ ਕਹਿੰਦੇ ਹਨ ਕਿ ਜੇਕਰ ਇਹਨਾਂ ਨਸੀਹਤਾਂ ਉਪੱਰ ਅਮਲ ਕਰਨ ਤਾਂ ਦੁਨੀਆ ਅਮਨ ਦਾ ਘਰ ਬਣ ਜਾਏ ਅਤੇ ਬਹੁਤ ਪ੍ਰਭਾਵਤ ਸਨ । ਸੀਰਾਲੀਊਨ ਦੇ ਨੈਸ਼ਨਲ ਟੀ.ਵੀ.ਐਸ. ਐਲ.ਬੀ.ਸੀ. ਦੇ ਜਰਨਲਿਸਟ ਵੀ ਸ਼ਾਮਲ ਹੋਏ । ਇਹ ਕਹਿੰਦੇ ਹਨ ਆਪ ਨੇ ਮੈਨੂੰ ਜਲਸੇ ਉਪੱਰ ਨਿਮੰਤਰਣ ਦੇਕੇ ਬਹੁਤ ਉਪਕਾਰ ਕੀਤਾ ਹੈ ਅਤੇ ਕਹਿੰਦੇ ਹਨ ਜਲਸੇ ਵਿੱਚ ਮੈਂ ਜਮਾਤ ਵਿੱਚ ਸ਼ਾਮਲ ਹੋਣ ਦਾ ਪਕੱਾ ਨਿਸ਼ਚਾ ਕਰ ਲਿਆ ਸੀ । ਸੋ, ਇਹਨਾਂ ਨੇ ਆਲਮੀ ਬੈਅਤ ਦੇ ਦਿਨ ਬੈਅਤ ਵੀ ਕਰ ਲਈ । ਪਾਲ ਸੇਂਗਰ ਡੀਊਸ ਜੋ ਰਾਇਲ ਏਅਰਫ਼ੋਰਸ ਵਿੱਚ ਕੈਪਟਨ ਹਨ ਕਹਿੰਦੇ ਹਨ, ਮੈਂ ਨਿਸ਼ਚੇ ਹੀ ਇਸ ਗੱਲ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹਾਂ ਕਿ ਹੁਣ ਤੱਕ ਮੈਂ ਸੈਂਕੜੇ ਅਜਿਹੇ ਪਰੋਗ੍ਰਾਮ ਦੇਖੇ ਹਨ, ਪਰ ਅਜਿਹਾ ਵਿਵਸਥਤ ਪਰੋਗ੍ਰਾਮ ਮੈਂ ਕਦੇ ਨਹੀਂ ਦੇਖਿਆ। ਆਇਵਰੀ ਕੋਸਟ ਤੋਂ ਦੋ ਮੈਂਬਰ ਪਾਰਲੀਮੈਂਟ ਆਏ ਹੋਏ ਸਨ ਕਹਿੰਦੇ ਹਨ ਕਵਾਕੋ ਕਵਾਤਰਾ ਸਾਹਬ ਉਹਨਾਂ ਵਿੱਚੋਂ

ਇਕ ਸਨ ਕਹਿੰਦੇ ਹਨ, ਮੇਰੇ ਜੀਵਨ ਦੇ ਮਹਤੱਵਪੂਰਨ ਪਲਾ ਵਿੱਚੋਂ ਹੈ, ਮੈਂ ਕਈ ਵਰ੍ਹਿਆਂ ਤੋਂ ਅਹਮਦੀ ਹਾਂ ਪਰ ਇਸ ਪ੍ਰਕਾਰ ਦਾ ਰੂਹਾਨੀ ਵਾਤਾਵਰਣ ਪਹਿਲੀ ਵਾਰ ਦੇਖਿਆ ਹੈ । ਮੈਂ ਅਹਮਦੀ ਤਾਂ ਪਹਿਲਾਂ ਹੀ ਸੀ ਪਰ ਜਲਸਾ ਸਾਲਾਨਾ ਵਿੱਚ ਸ਼ਾਮਲ ਹੋਕੇ ਮੇਰਾ ਈਮਾਨ ਹੋਰ ਵੀ ਮਜ਼ਬੂਤ ਹੋ ਗਿਆ ਹੈ ।

ਬ੍ਰਿਟਿਸ਼ ਸੁਸਾਇਟੀ ਆਫ਼ ਟੀਊਰਨ ਸ਼ਰਾਉਡ ਨੀਊਜ਼ ਲੈਟਰ ਦੇ ਐਡੀਟਰ ਹਾਫ਼ਰੇ ਸਾਹਬ ਕਹਿੰਦੇ ਹਨ, ਇਹ ਵੀ ਟੀਊਰਨ ਸ਼ਰਾਉਡ ਦੇ ਮਾਹਿਰਾਂ ਵਿੱਚੋਂ ਹਨ ਕਿ ਮੈਂ ਅੱਜ ਤੱਕ ਜਿੰਨ੍ਹੇ ਵੀ ਫ਼ੋਰਮ'ਤੇ ਮਸੀਹ ਦੇ ਕਫ਼ਨ ਬਾਰੇ ਗੱਲ ਬਾਤ ਕੀਤੀ ਹੈ ਉਹਨਾਂ ਵਿੱਚੋਂ ਸਭ ਤੋਂ ਵੱਧ ਚੰਗਾ ਫ਼ੋਰਮ ਇਹ ਸੀ । ਪ੍ਰੈਸ ਅਤੇ ਮੀਡੀਆ ਦੀ ਮੈਂ ਗੱਲ ਕੀਤੀ ਸੀ, ਰੱਬ ਦੀ ਅਪਾਰ ਕ੍ਰਿਪਾ ਨਾਲ ਇਸ ਸਾਲ ਪ੍ਰੈਸ ਤੇ ਮੀਡੀਆ ਰਾਹੀਂ ਜਲਸੇ ਦਾ ਬਹੁਤ ਪਰੀਚੈ ਹੋਇਆ ਹੈ । ਵੱਡੇ ਪੈਮਾਨੇ'ਤੇ ਇਸ ਲਈ ਸਾਨੂੰ ਰੱਬ ਦੀ ਹਜ਼ੂਰੀ ਵਿੱਚ ਝੁਕਣਾ ਚਾਹੀਦਾ ਹੈ ਕਿ ਰੱਬ ਨੇ ਕਿਵੇਂ ਸਾਡੇ ਸੰਦੇਸ਼ ਨੂੰ ਪਹੁੰਚਾਇਆ । ਜਲਸੇ ਦੀ ਖ਼ਬਰ, ਵੀਡੀਓ ਕਿਲਪਸ, ਟੈਲੀਵੀਜ਼ਨ ਅਤੇ ਆਨ ਲਾਈਨ ਵੀਡੀਓਜ਼ ਦਾ ਸੱਤ ਵੱਖ ਵੱਖ ਪ੍ਰੋਗਰਾਮਜ਼ ਰਾਹੀਂ ਕੁਲ ਤਿੰਨ ਦਸ਼ਮਲਵ ਤਿੰਨ (3.3) ਮਿਲੀਯਨ ਲੋਕਾਂ ਤੱਕ ਖ਼ਬਰਾਂ ਪਹੁੰਚੀਆਂ । ਰੇਡੀਓ ਦੇ 34 ਪ੍ਰੋਗਰਾਮਾ ਰਾਹੀਂ 2.79 ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਪ੍ਰਿੰਟ ਅਤੇ ਆਨ ਲਾਈਨ ਮੀਡੀਆ ਦੇ ਚੌਦਾਂ ਵੱਖ ਵੱਖ ਫ਼ੋਰਮਜ਼ ਰਾਹੀਂ 7.7 ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ ਅਤੇ ਸੋਸ਼ਲ ਮੀਡੀਆ ਵਿੱਚ ਗਿਆਰਾਂ ਸੌ ਪਚਾਨਵੇਂ ਸ਼ਾਮਲ ਹੋਣ ਵਾਲਿਆਂ ਰਾਹੀਂ ਜਲਸੇ ਦਾ ਸੰਦੇਸ਼ ਪੰਜ ਮਿਲੀਯਨ ਲੋਕਾਂ ਤੱਕ ਪਹੁੰਚਿਆ । ਇਸ ਪ੍ਰਕਾਰ ਉਪਰੋਕਤ ਫ਼ੋਰਮਜ਼ ਰਾਹੀਂ ਕੁੱਲ 12.63 ਮਿਲੀਯਨ ਲੋਕਾਂ ਤੱਕ ਜਲਸੇ ਦੀ ਕਾਰਵਾਈ ਅਤੇ ਖ਼ਬਰ ਤੇ ਸੰਦੇਸ਼ ਅਤੇ ਫ਼ੋਟੋਆਂ ਤੇ ਵੀਡੀਓ ਕਿਲਪਸ ਪਹੁੰਚੇ । ਅਤੇ ਅਫ਼ਰੀਕਾ ਤੋਂ ਬਿਨਾ ਅਜਿਹੇ ਦੇਸ਼ ਜਿੱਥੇ ਜਲਸੇ ਦੇ ਹਵਾਲੇ ਨਾਲ ਮੀਡੀਆ ਨੂੰ ਕਵਰੇਜ ਮਿਲੀ ਹੈ ਇਹਨਾਂ ਵਿੱਚ ਬਰਤਾਨੀਆ ਸਕਾਟਲੈਂਡ, ਵੈਲਜ਼ ਆਇਰਲੈਂਡ, ਯੂ.ਐਸ.ਏ., ਕੈਨਾਡਾ, ਪਾਕਿਸਤਾਨ, ਇੰਡੀਆ, ਫ਼੍ਰਾਂਸ, ਜਿਮੀਕਾ ਬੋਲੀਯੋਯਾ ਯੂਨਾਨ ਅਤੇ ਬੈਲੀਜ਼ ਸ਼ਾਮਲ ਹਨ । ਸਭ ਤੋਂ ਮਹਤੱਵਪੂਰਨ ਚੈਨਲ ਬੀ.ਬੀ.ਸੀ. ਨੀਊਜ਼ 24 ਸ਼ਾਮਲ ਹੈ ਜਿਸ'ਤੇ ਜਲਸੇ ਦੀ ਖ਼ਬਰ ਤਿੰਨ ਵਾਰ ਨਸ਼ਰ ਹੋਈ । ਇਹ ਵੀ ਪਹਿਲੀ ਵਾਰ ਹੀ ਹੋਇਆ ਹੈ । ਅਰੰਭ ਵਿੱਚ ਇਸ ਚੈਨਲ ਉਪੱਰ ਇਕ ਵਾਰ ਖ਼ਬਰ ਨਸ਼ਰ ਕਰਨ ਦੀ ਆਗਿਆ ਦਿੱਤੀ ਗਈ ਸੀ ਪਰ ਫਿਰ ਬਾਦ ਵਿੱਚ ਹੋਰ ਖ਼ਬਰ ਨਸ਼ਰ ਕਰਨ ਦੀ ਆਗਿਆ ਦਿੱਤੀ ਗਈ । ਇੰਟਰ ਨੈਸ਼ਨਲ ਨਿਊਜ਼ ਐਜੰਸੀ ਫ਼੍ਰਾਂਸ ਏ.ਐਫ਼.ਪੀ. ਨੇ ਵੀ ਜਲਸੇ ਦੀ ਖ਼ਬਰ ਨਸ਼ਰ ਕੀਤੀ । ਏ.ਐਫ਼.ਪੀ. ਨੇ ਵੀਡੀਓ ਰਿਪੋਰਟ ਵੀ ਜਾਰੀ ਕੀਤੀ ਜੋ ਬਾਦ ਵਿੱਚ ਯੂ.ਐਸ.ਏ. ਯੂ.ਕੇ. ਅਤੇ ਇੰਡੀਆ ਵਿੱਚ ਦਰਜਨਾਂ ਖ਼ਬਰਾਂ ਦੀਆਂ ਵੈਬਸਾਈਟਾਂ ਉਪੱਰ ਨਸ਼ਰ ਕੀਤੀ ਗਈ । ਇਹਨਾਂ ਵਿੱਚ ਯਾਹੂ ਨਿਊਜ਼, ਐਮ.ਬੀ.ਸੀ. ਨਿਊਜ਼, ਐਮ.ਐਸ.ਐਨ. ਨਿਊਜ਼ ਸਾਮਲ ਹਨ ।

ਫਿਰ ਰੇਡੀਓ ਕਵਰੈਜ 34 ਰੇਡੀਓ ਇੰਟਵੀਊਜ਼, ਬੀ.ਬੀ.ਸੀ. ਨਿਊਜ਼ ਦੇ ਤਿੰਨ ਨੈਸ਼ਨਲ ਰੇਡੀਓ ਸਟੇਸ਼ਨਜ਼, 24 ਰੇਡੀਓ ਸਟੇਸ਼ਨਾਂ ਅਤੇ ਲੋਕਲ ਦੋ ਰੇਡੀਓ ਸਟੇਸ਼ਨਜ਼ ਉਪੱਰ ਨਸ਼ਰ ਹੋਏ । ਇਹਨਾ ਵਿੱਚ ਚਾਰ ਬੀ.ਬੀ.ਸੀ. ਫ਼ਾਰ ਵੀ ਸ਼ਾਮਲ ਹਨ ਜੋ ਕਿ ਬਰਤਾਨੀਆ ਦਾ ਸਭ ਤੋਂ ਵੱਧ ਸੁਣਿਆਂ ਜਾਣ ਵਾਲਾ ਰੇਡੀਓ ਸਟੇਸ਼ਨ ਹੈ । ਇਸ'ਤੇ ਵੀਹ ਮਿੰਟ ਦਾ ਲੰਮਾ ਇੰਟਰਵੀਊ ਨਸ਼ਰ ਕੀਤਾ ਗਿਆ । ਇਸ ਤੋਂ ਬਿਨਾ ਬੀ.ਬੀ.ਸੀ ਸਕਾਟਲੈਂਡ ਅਤੇ ਬੀ.ਬੀ.ਸੀ. ਰੇਡੀਓ ਏਸ਼ੀਅਨ ਨੈਟਵਰਕ ਸ਼ਾਮਲ ਹਨ । ਬੀ.ਬੀ.ਸੀ. ਰੇਡੀਓ ਸਟੇਸ਼ਨ ਨੈਟਵਰਕ ਉਪੱਰ ਇਕ ਘੰਟੇ ਤੋਂ ਵੱਧ ਸਮੇਂ ਦਾ ਇੰਟਰਵੀਊ ਪ੍ਰਕਾਸ਼ਨ ਕੀਤਾ ਗਿਆ । 33 ਰੇਡੀਓ ਸਟੇਸ਼ਨਜ਼ ਰਾਹੀਂ ਕੁੱਲ 2.79 ਮਿਲੀਯਨ ਲੋਕਾਂ ਤੱਕ ਸੰਦੇਸ਼ ਪਹੁੰਚਿਆ । ਇਹਨਾਂ ਵਿੱਚੋਂ ਘੱਟੋ ਘੱਟ ਦੋ ਇੰਟਰਵੀਊਜ਼ ਦਾ ਅਰੰਭ ਜੋ ਸੀ ਉਹ ਇਕ ਜਰਨਲਿਸਟ ਬੀ.ਬੀ.ਸੀ. ਦੀ ਸਨ ਕੈਰੋਲਾਈਨ ਵਾਈਟ, ਉਹਨਾਂ ਨੇ ਮੇਰਾ

ਇੰਟਰਵੀਊ ਲਿਆ ਸੀ, ਉਸ ਨੂੰ ਉਹਨਾਂ ਨੇ ਨਸ਼ਰ ਕੀਤਾ । ਜਿਸ'ਤੇ ਹੁਣ ਏਥੇ ਮੁਸਲਮਾਨ ਤੰਜ਼ੀਮਾਂ ਵਿੱਚ ਬਹੁਤ ਰੌਲ੍ਹਾ ਪਿਆ ਹੋਇਆ ਹੈ ਕਿ ਸਾਨੂੰ ਇਕਤੱਰ ਹੋ ਜਾਣਾ ਚਹੀਦਾ ਹੈ । ਅਸੀਂ ਇਕਤੱਰ ਹੋਕੇ ਮੁਸਲਮਾਨਾਂ ਦੀ ਨੁਮਾਇੰਦਗੀ ਕਰਾਂਗੇ । ਆਫ਼ੰਗਟਨ ਪੋਸਟ ਨੇ ਵੀ ਦੋ ਆਰਟੀਕਲ ਪ੍ਰਕਾਸ਼ਤ ਕੀਤੇ ਹਨ । ਇਸੇ ਪ੍ਰਕਾਰ ਹੋਰ ਬਹੁਤ ਸਾਰੇ ਹਨ । ਸੋਸ਼ਲ ਮੀਡੀਆ ਟਵਿਟੱਰ ਆਦਿ ਰਾਹੀਂ ਇਹ ਸੰਦੇਸ਼ ਪਹੁੰਚਦਾ ਰਿਹਾ । ਇਹ ਜੋ ਹੈ ਕੇਂਦਰੀ ਰਿਪੋਰਟ ਹੈ ਇਸ ਤੋਂ ਬਿਨਾ ਯੂ.ਕੇ. ਦੇ ਪ੍ਰੈਸ ਮੀਡੀਆ ਰਾਹੀਂ ਮੇਰਾ ਵਿਚਾਰ ਹੈ ਦੋ ਤਿੰਨ ਮਿਲੀਯਨ ਤੱਕ ਅਵੱਸ਼ ਸੰਦੇਸ਼ ਪਹੁੰਚਾਇਆ ਹੋਵੇਗਾ ।

ਅਫ਼ਰੀਕਨ ਦੇਸ਼ਾਂ ਵਿੱਚ ਨੈਸ਼ਨਲ ਟੀਵੀ ਜਲਸਾ ਸਾਲਾਨਾ ਦੀ ਲਾਈਵ ਕਵਰੈਜ ਦਿੰਦੇ ਰਹੇ ਜਿੰਨ੍ਹਾ ਵਿੱਚ ਘਾਨਾ, ਨਾਈਜੀਰੀਆ, ਸੀਰਾਲੀਊਨ, ਯੂਗੰਡਾ ਅਤੇ ਕੌਂਗੋ ਕੋਨਸਾਸ਼ਾ ਆਦਿ ਸ਼ਾਮਲ ਹਨ । 'ਹਦੀਕਾਤੁਲ ਮਹਦੀ' ਤੋਂ ਸਿੱਧਾ ਪ੍ਰਸਾਰਣ ਕੀਤਾ । ਘਾਨਾ ਦੇ ਇਕ ਮਿਤੱਰ ਨਾਨਾ ਵਸੀਕੋਤੂ ਸਾਹਬ ਨੇ ਫ਼ੋਨ ਕਰਕੇ ਦੱਸਿਆ ਕਿ ਮੈਂ ਈਸਾਈ ਹਾਂ ਪਰ ਆਪ ਦੇ ਜਲਸੇ ਦਾ ਲਾਈਵ ਪ੍ਰਸਾਰਣ ਦੇਖ ਕੇ ਮੇਰੇ ਉਪੱਰ ਭਾਵਨਾਤਮਕ ਅਵਸਥਾ ਹੋ ਗਈ ਹੈ ਮੇਰੇ ਹੰਝੂ ਰੋਕਣਾ ਔਖਾ ਹੋ ਗਿਆ ਸੀ । ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਇਸ ਸਮੇਂ ਇਸਲਾਮ ਦੀ ਨੁਮਾਇੰਦਗੀ ਵਿੱਚ ਜਮਾਤ ਅਹਮਦੀਆ ਸਭ ਤੋਂ ਅੱਗੇ ਹੈ । ਮੇਰੀ ਦੁਆ ਹੈ ਕਿ ਮੈਂ ਆਪ ਦੀ ਜਮਾਤ ਦਾ ਪ੍ਰਚਾਰਕ ਬਣ ਕੇ ਜਮਾਤ ਅਹਮਦੀਆ ਦਾ ਸੰਦੇਸ਼ ਫੈਲਾਵਾਂ । ਟਮਾਲੇ ਘਾਨਾ ਤੋਂ ਇਕ ਇਸਤਰੀ ਹਮਾਦਾਤੂ ਸਾਹਿਬਾ ਨੇ ਕਿਹਾ ਕਿ ਮੈਂ ਘਾਨਾ ਟੀਵੀ ਰਾਹੀਂ ਜਮਾਤ ਅਹਮਦੀਆ ਦਾ ਜਲਸਾ ਦੇਖਿਆ ਹੈ ਅਤੇ ਇਹ ਜਲਸਾ ਦੇਖਕੇ ਮੈਂ ਬਹੁਤ ਪ੍ਰਭਾਵਤ ਹੋਈ ਹਾਂ । ਮੈਂ ਮੁਸਲਮਾਨ ਤਾਂ ਹਾਂ ਪਰ ਜਲਸਾ ਸਾਲਾਨਾ ਦਾ ਪ੍ਰਸਾਰਣ ਦੇਖ ਕੇ ਮੈਂ ਅਹਮਦੀ ਮੁਸਲਮਾਨ ਹੋਣਾ ਚਾਹੁੰਦੀ ਹਾਂ । ਸੀਰਾਲੀਊਨ ਵਿੱਚ ਅਲੱਾਹ ਦੀ ਮਿਹਰ ਨਾਲ ਸੀਰਾਲੀਊਨ ਦੇ ਨੈਸ਼ਨਲ ਟੀਵੀ ਐਸ.ਐਲ.ਬੀ.ਸੀ.ਐਸ.ਉਪੱਰ ਜਲਸਾ ਸਾਲਾਨਾ ਦੀ 36 ਘੰਟਿਆਂ ਦਾ ਪ੍ਰਸਾਰਣ ਲਾਈਵ ਦਿਖਾਇਆ ਗਿਆ । ਕੌਂਗੋ ਕਨਸਾਸ਼ਾ ਵਿੱਚ ਵੀ ਚਾਰ ਵੱਡੇ ਵੱਡੇ ਸ਼ਹਿਰਾਂ ਵਿੱਚ ਜਲਸੇ ਦੇ ਪ੍ਰਸਾਰਣ ਦਿਖਾਏ ਗਏ । ਇਹਨਾਂ ਸ਼ਹਿਰਾਂ ਵਿਚੋਂ ਦੋ ਵਿੱਚ ਮੇਰਾ ਅਖ਼ੀਰਲਾ ਭਾਸ਼ਣ ਪ੍ਰਸਾਰਤ ਕੀਤਾ ਗਿਆ । ਜੱਦ ਕਿ ਦੋ ਸ਼ਹਿਰਾਂ ਵਿੱਚ ਜਲਸੇ ਦੀਆਂ ਸਾਰੀਆਂ ਕਾਰਵਾਈਆਂ ਲਾਈਵ ਨਸ਼ਰ ਕੀਤੀਆਂ ਗਈਆਂ । ਇਕ ਸਜੱਣ ਨੇ ਕਿਹਾ ਕਿ ਟੀਵੀ ਓਪੱਰ ਆਪ ਦਾ ਜਲਸਾ ਦੇਖਿਆ ਬਹੁਤ ਖ਼ੁਸ਼ੀ ਹੋਈ ਕਿ ਦੁਨੀਆ ਵਿੱਚ ਇਕ ਅਜਿਹਾ ਵੁਜੂਦ ਵੀ ਹੈ ਜੋ ਐਨ੍ਹੀ ਪਿਆਰੀ ਸਿੱਖਿਆ ਦੇ ਰਿਹਾ ਹੈ । ਅਫਰੀਕਨ ਦੇਸ਼ਾਂ ਵਿੱਚ ਰੇਡੀਓਜ਼ ਉਪੱਰ ਜੋ ਜਲਸਾ ਸਾਲਾਨਾ ਦੀ ਕਵਰੈਜ ਹੋਈ ਹੈ ਮਾਲੀ ਵਿੱਚ ਪੰਦਰ੍ਹਾਂ ਰੇਡੀਓ ਸਟੇਸ਼ਨਜ਼ ਰਾਹੀਂ ਜਲਸਾ ਸਲਾਨਾ ਦੀ ਤਿੰਨਾਂ ਦਿਨਾ ਦੀ ਕਾਰਵਾਈ ਲਾਈਵ ਨਸ਼ਰ ਹੋਈ । ਇਸ ਪ੍ਰਕਾਰ ਓਥੇ ਲਗਭਗ 10 ਮਿਲੀਯਨ ਲੋਕਾਂ ਨੇ ਜਲਸਾ ਸਾਲਾਨਾ ਯੂਕੇ ਦੀ ਲਾਈਵ ਕਾਰਵਾਈ ਆਪਣੀ ਭਾਸ਼ਾ ਵਿੱਚ ਸੁਣੀ ।

ਇਸੇ ਪ੍ਰਕਾਰ ਬੁਰਕੀਨਾ ਫ਼ਾਸੋ ਵਿੱਚ ਚਾਰ ਰੇਡੀਓ ਸਟੇਸ਼ਨਜ਼ ਉਪੱਰ ਜਲਸਾ ਸਾਲਾਨਾ ਦੀ ਤਿੰਨੇ ਦਿਨਾਂ ਦੀ ਕਾਰਵਾਈ ਪੂਰਨ ਹੋਈ, ਇਸ ਦੇ ਵੀ ਬਹੁਤ ਸੁਨਣ ਵਾਲੇ ਹਨ । ਇਸੇ ਪ੍ਰਕਾਰ ਸੀਰਾਲੀਊਨ ਵਿੱਚ ਕਾਰਵਾਈ ਨਸ਼ਰ ਹੋਈ । ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਤੇ ਫ਼ਜ਼ਲ ਰਾਹੀਂ ਇਸ ਸਾਲ ਤਾਂ ਇਹ ਮਿਲੀਯੰਜ਼ ਲੋਕਾਂ ਤੱਕ ਸੰਦੇਸ਼ ਪਹੁੰਚਿਆ ਹੈ । ਰੱਬ ਦੀ ਮਿਹਰ ਨਾਲ ਪ੍ਰੈਸ ਤੇ ਮੀਡੀਆ ਟੀਮਾ ਨੇ ਵੀ ਬਹੁਤ ਵੱਧੀਆ ਕੰਮ ਕੀਤਾ ਹੈ ਅਤੇ ਐਮ.ਟੀ.ਏ. ਨੇ ਵੀ ਇਸ ਲਈ ਬਹੁਤ ਚੰਗਾ ਕੰਮ ਕੀਤਾ ਵਿਸ਼ੇਸ਼ ਰੂਪ ਵਿੱਚ ਉਹ ਜੋ ਅਫ਼ਰੀਕਾ ਦੇ ਇੰਚਾਰਜ ਬਣਾਏ ਗਏ ਹਨ ਉਹਨਾਂ ਨੇ ਤਾਂ ਬਹੁਤ ਕੰਮ ਕੀਤਾ ਹੈ, ਅਲੱਾਹ ਤਆਲਾ ਉਨਹਾਂ ਨੂੰ ਵੀ ਪ੍ਰਤੀਫ਼ਲ ਪ੍ਰਦਾਨ ਕਰੇ ।

ਸੋ, ਅਲੱਾਹ ਤਆਲਾ ਦੀ ਮਿਹਰ ਨਾਲ ਜਮਾਤ ਦਾ ਪਰੀਚੈ ਇਸ ਜਲਸੇ ਰਾਹੀਂ ਬਹੁਤ ਵਿਸ਼ਾਲ ਹੋਇਆ ਹੈ ਅਤੇ ਇਹਨਾਂ ਵਿੱਚ ਜਿਵੇਂ ਕਿ ਮੈਂ ਕਿਹਾ ਬਹੁਤ ਕੰਮ ਕਰਨ ਵਾਲੇ ਸ਼ਾਮਲ ਹਨ । ਐਮਟੀਏ ਦੇ ਵੀ ਅਤੇ ਪ੍ਰੈਸ ਸੈਕਸ਼ਨ ਵਿਚ ਵੀ

ਕੰਮ ਕਰਨ ਵਾਲੇ ਯੂਕੇ ਦੇ ਨੌਜੁਆਨ ਹਨ ਜੋ ਕੰਮ ਕਰ ਰਹੇ ਹਨ ਆਪਣਾ ਕਿਰਦਾਰ ਨਿਭਾ ਰਹੇ ਹਨ ਅਲੱਾਹ ਤਆਲਾ ਇਹਨਾਂ ਸਲਾਹੀਯਤਾਂ ਤੇ ਗੁਣਾ ਨੂੰ ਹੋਰ ਵਧਾਏ ਅਤੇ ਉਜਾਗਰ ਕਰੇ ।

ਜੁਮਏ ਦੇ ਖ਼ੁਤਬੇ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਸਯੱਦਾ ਫ਼ਰੀਦਾ ਸਾਹਿਬਾ ਸੁਪੱਤਨੀ ਮੁਕਰੱਮ ਮਿਰਜ਼ਾ ਰਫ਼ੀਕ ਅਹਮਦ ਸਾਹਬ ਜਿੰਨ੍ਹਾ ਦੀ ਤਿੰਨ ਦਿਨ ਪਹਿਲਾਂ ਮੌਤ ਹੋਈ ਸੀ ਦੇ ਪਰਿਵਾਰਕ ਹਾਲਾਤਾਂ ਸਦਗੁਣਾ ਅਤੇ ਸੇਵਾਵਾਂ ਦਾ ਵਰਨਣ ਕੀਤਾ । ਮਰਹੂਮਾ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੀ ਨੂਹ (ਪੁਤੱਰਵਧੁ) ਸਨ ਅਲੱਾਹ ਤਆਲਾ ਮਰਹੂਮਾ ਨਾਲ ਬਖਸ਼ਿਸ਼ ਤੇ ਮਿਹਰ ਦਾ ਵਰਤਾਉ ਕਰੇ ਅਤੇ ਉਹਨਾਂ ਬੱਚਿਆਂ ਦਾ ਸਹਾਈ ਹੋਵੇ ।

**Khulasa Khutba 28.08.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131